# मोबाइल टीचिंग किचन प्रोजैक्ट के तहत महिलाओं को निशुल्क प्रशिक्षण



प्रशिक्षण हासिल कर चुकी महिलाएं कालेज प्रबंधकों के साथ।

संघोल, 14 सितम्बर (परमवीर सिंह धनोआ): कोरडिया संस्थान द्वारा भविष्य शक्ति मोबाइल टीचिंग किचन प्रोजैक्ट पूरा होने पर इसमें निशुल्क प्रशिक्षण प्राप्त महिलाओं को सर्टीफिकेट देकर सम्मानित किया गया। अन्तर्राष्ट्रीय संस्थान नैडप्रो के सहयोग से चलाए गए। इस प्रोजैक्ट के तहत महिलाओं को अच्छी स्वास्त्य व स्वरोज़गार प्राप्त करने के लिए पौष्टिक भोजन तैयार करके दूसरों को इसकी ट्रेनिंग देने के लिए पूरी तरह अन्तर्राष्ट्रीय टीम द्वारा प्रशिक्षण दिया गया। संस्था के चेयरमैन लार्ड दिलजीत राणा द्वारा वर्ष 2016 में अन्तर्राष्ट्रीय सहयोग से शुरू किए गए इस प्रोजैक्ट तक ग्रामीण गरीब महिलाओं व परिवारों को आर्थिक तौर पर मजबूत करने के उद्देश्य से प्रोजैक्ट की शुरुआत की गई जिसके तहत उनके लिए नि:शुल्क सिखलाई का प्रबंध किया गया। कार्यगुजारी ट्रस्ट उर्मिल वर्मा की देखरेख में हुए इस प्रोजैक्ट के तहत सिखलाई के कई सैशन लगाए गए व महिलाओं को तंदुरुस्ती के साथ-साथ स्वरोजगार के लिए तैयार किया गया है। नैडप्रो भोजन, पौष्टिकता व हैल्थ ग्लोबल संस्थान के चेयरमैन व डायरैक्टर प्रो. सुमात्रा ने सभी महिलाओं व टीम को बधाई दी गई। इस मौके पर नौडप्रो के हरमनप्रीत, प्रिं. डा. संजीव कुमार व पंजाब यूनिवर्सिटी के प्रबंध विभाग से डा. मोनिका अग्रवाल, डा. हरजिन्द्र सिंह, प्रोफैसर तरुन नारंग आदि उपस्थित थे।



ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਤੇ ਕਾਲਜ ਸਟਾਫ਼। ਤਸਵੀਰ : ਪਰਮਵੀਰ ਸਿੰਘ ਧਨੋਆ

# ਕੋਰਡੀਆ ਸੰਸਥਾਨ ਵਿਖੇ ਇਨਾਮ ਵੰਡ ਸਮਾਗਮ ਕਰਵਾਇਆ

ਸੰਘੋਲ, 15 ਅਕਤੂਬਰ (ਪਰਮਵੀਰ ਸਿੰਘ ਧਨੋਆ)-ਕੋਰਡੀਆ ਗਰੁੱਪ ਆਫ਼ ਇਸਟੀਚਿਊਟਸ ਸੰਘੋਲ ਵਿਖੇ ਨਹਿਰੂ ਯੁਵਾ ਕੇਂਦਰ ਤੇ ਡਾਇਰੈਕਟਰ ਆਫ਼ ਯੂਥ ਸਰਵਿਸਜ਼ ਦੇ ਸਹਿਯੋਗ ਨਾਲ ਵੱਖ-ਵੱਖ ਮੁਕਾਬਲਿਆਂ ਦਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਕੋਰਡੀਆ ਗਰੁੱਪ ਆਫ਼ ਇੰਸਟੀਚਿਊਟਸ ਦੇ ਚੇਅਰਮੈਨ ਲਾਰਡ ਦਿਲਜੀਤ ਰਾਣਾ ਤੇ ਐਗਜ਼ੂਕੇਟਿਵ ਟਰੱਸਟੀ ਉਰਮਿਲ ਵਰਮਾ ਦੀ ਸਰਪ੍ਰਸਤੀ ਹੇਠ ਹੋਏ ਇਸ ਪ੍ਰੋਗਰਾਮ 'ਚ ਯੂਥ ਸਰਵਿਸਜ਼ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਡਾ. ਦਿਲਬਰ ਸਿੰਘ ਤੇ ਨਹਿਰੂ ਯੁਵਾ ਕੇਂਦਰ ਤੋਂ ਨੇਹਾ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਸੰਸਥਾਨ ਦੇ ਵੱਖ-ਵੱਖ ਕਾਲਜਾਂ ਤੇ ਡੀ. ਡੀ. ਯੂ. ਜੀ. ਕੇ. ਵਾਈ ਇਕਾਈ ਦੇ ਪੋਸਟਰ ਮੇਕਿੰਗ, ਕਵਿਤਾ ਉਚਾਰਨ, ਲੇਖਣ, ਭਾਸ਼ਨ ਤੇ ਮਹਿੰਦੀ ਮੁਕਾਬਲਿਆਂ ਦੇ ਜੇਤੂਆਂ ਨੂੰ ਤਗਮੇ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੋਰਡੀਆ ਕਾਲਜ ਦੇ ਪ੍ਰਿੰ: ਡਾ. ਸੰਜੀਵ ਕੁਮਾਰ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਸਮਾਜ ਕਲਿਆਣ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸੰਸਥਾਨ ਦੇ ਡਿਪਟੀ ਚੇਅਰਮੈਨ ਡਾ. ਸ਼ਤੀਸ਼ ਕੁਮਾਰ ਸ਼ਰਮਾ ਨੇ ਸਾਰੇ ਜੇਤੂਆਂ ਤੇ ਪ੍ਰਬੰਧਕ ਟੀਮ ਨੂੰ ਸਫ਼ਲ ਆਯੋਜਨ ਦੀ ਵਧਾਈ ਦਿੱਤੀ। ਇਸ ਮੌਕੇ ਡਾ. ਦਿਲਬਰ ਸਿੰਘ, ਨੇਹਾ ਸ਼ਰਮਾ, ਪ੍ਰਿੰ: ਡਾ. ਵਿਕਰਮ ਸ਼ਰਮਾ, ਡਾ. ਹਰਜਿੰਦਰ ਸਿੰਘ ਤੇ ਮਨਦੀਪ ਕੌਰ ਆਦਿ ਹਾਜ਼ਰ ਸਨ।

ਅਜੀਤ ®©
16-Oct-2022
Page: 10
http://epaper.ajitjalandhar.com/edition/20221016/27/10.cr

ਕਾਰ

ਾ ਲਿਆ
ਕੁਝ ਸੱਟਾਂ
ਕੇ 'ਤੇ
ਦੱਸਿਆ
ਤੇ ਫੈਲੇ
ਦੇ ਪਾਣੀ
ਪਹੀਆ
ਚਾਲਕ
ਸ਼ਿਕਾਰ
ਕਾਰਨ
ਰ ਕੌਸਲ
ਆਂ ਪ੍ਰਤੀ
ਦਿਆ ਜਾ

# ਲਤਾ ਮੰਗੇਸ਼ਕਰ ਨੂੰ ਦਿੱਤੀਆਂ ਸ਼ਰਧਾਂਜਲੀਆਂ



*ਦੋ ਮਿੰਟ ਦਾ ਮੌਨ ਧਾਰ ਕੇ ਲਤਾ ਮੰਗੇਸ਼ਕਰ ਨੂੰ ਸ਼ਰਧਾਂਜਲੀ ਦਿੰਦੇ ਸਟਾਫ ਮੈਂਬਰ।* (ਜਟਾਣਾ)

ਖਮਾਣੋਂ, 8 ਫ਼ਰਵਰੀ (ਜਟਾਣਾ)- ਕੌਰੜੀਆ ਗਰੁੱਪ ਆਫ ਇੰਸਟੀਚਿਊਟ ਸੰਘੋਲ ਵਿਖੇ ਸੁਰਾਂ ਦੀ ਮਲਿਕਾ ਭਾਰਤ ਰਤਨ ਲਤਾ ਮੰਗੇਸ਼ਕਰ ਦੀ ਯਾਦ ਵਿਚ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਸੰਸਥਾ ਦੇ ਚੇਅਰਮੈਨ ਡਾ. ਦਲਜੀਤ ਰਾਣਾ ਨੇ ਲਤਾ ਜੀ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਲਤਾ ਮੰਗੇਸ਼ਕਰ ਦੇ ਗਾਏ ਗੀਤ ਸਿੱਖਿਆ ਵਰਗ ਨੂੰ ਵੀ ਹਮੇਸ਼ਾ ਪ੍ਰੇਰਣਾ ਦਿੰਦੇ ਰਹਿਣਗੇ।

ਸੰਸਥਾ ਦੇ ਵਾਈਸ ਚੇਅਰਮੈਨ ਡਾ. ਸਤੀਸ਼ ਕੁਮਾਰ ਸ਼ਰਮਾ ਨੇ ਲਤਾ ਮੰਗੇਸ਼ਕਰ ਦੀਆਂ ਸੇਵਾਵਾਂ ਨੂੰ ਯਾਦ ਕੀਤਾ। ਇਸ ਮੌਕੇ ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ। ਇਸ ਮੌਕੇ ਸੰਸਥਾ ਦੇ ਅਧਿਆਪਕ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਕੋਰਡੀਆ ਸੰਸਥਾਨ ਸੰਘੌਲ ਵਿਖੇ "ਇੰਡਸਟਰੀ ਮੀਟ" ਦਾ ਆਯੋਜਨ ਅੱਜ

ਖਮਾਣੋਂ, 9 ਦਸੰਬਰ (ਜਸਵਿੰਦਰ ਸਿੰਘ ਜੱਸੀ) ਕੋਰਡੀਆ ਗਰੁੱਪ ਆਫ਼ ਇੰਸੀਚਿਊਟਸ ,ਸੰਘੋਲ ਵਿਖੇ ਅੱਜ ਮਿਤੀ 10 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 11 ਵਜੇ ਇੱਕ ਇੰਡਸਟਰੀ ਮੀਟ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਫਤਿਹਗੜ੍ਹ ਸਾਹਿਬ ਜਿਲ੍ਹੇ ਦੇ ਉੱਘੇ ਉਦਯੋਗਪਤੀ ਭਾਗ ਲੈਣਗੇ ।ਇਸ ਮੌਕੇ ਤੇ ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਮਾਣਯੋਗ ਪੂਨਮਦੀਪ ਕੌਰ ਮੁੱਖ ਮਹਿਮਾਨ ਹੋਣਗੇ ਅਤੇ ਉਹ ਕੋਰਡੀਆ ਸੰਸਥਾਨ ਅਤੇ ਮਜ਼ਾਰ ਅਡਵਾਇਜ਼ਰੀ ਐਲ ਐਲ ਪੀ ਵੱਲੋਂ ਤਿਆਰ ਸਕਿਲ ਗੈਪ ਰਿਪੋਰਟ ਵੀ ਜਾਰੀ ਕਰਨਗੇ।

ਮਨਦੀਪ ਸਿੰਘ ਸਾਗਰ, ਕੁਲਦੀਪ ਸਿੰਘ ... ਹਾਜ਼ਰ ਸਨ।

# ਕੋਰਡੀਆ ਸੰਸਥਾ 'ਚ ਇੰਡਸਟਰੀ ਮੀਟ ਅੱਜ : ਡਾ. ਹਰਜਿੰਦਰ



ਖਮਾਣੋਂ, 9 ਦਸੰਬਰ (ਜਟਾਣਾ)-ਸੰਘੋਲ ਦੇ ਕੋਰਡੀਆ ਗਰੁੱਪ ਆਫ਼ ਇੰਸਟੀਚਿਊਟਸ ਵਿਖੇ 10 ਦਸੰਬਰ ਨੂੰ ਇੰਡਸਟਰੀ ਮੀਟ ਕਰਵਾਈ ਜਾ ਰਹੀ ਹੈ, ਜਿਸ ਵਿਚ ਫਤਿਹਗੜ੍ਹ ਸਾਹਿਬ ਜ਼ਿਲੇ ਦੇ ਉੱਘੇ ਉਦਯੋਗਪਤੀ ਭਾਗ ਲੈਣਗੇ। ਉਕਤ ਜਾਣਕਾਰੀ ਦਿੰਦਿਆਂ ਡਾ. ਹਰਜਿੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਮਾਣਯੋਗ ਪੂਨਮਦੀਪ ਕੌਰ ਮੁੱਖ ਮਹਿਮਾਨ ਵਜੋਂ ਪਹੁਚਣਗੇ ਅਤੇ ਕੋਰਡੀਆ ਸੰਸਥਾਨ ਅਤੇ ਮਜ਼ਾਰ ਅਡਵਾਇਜ਼ਰੀ ਵੱਲੋਂ ਤਿਆਰ ਸਕਿੱਲ ਗੈਪ ਰਿਪੋਰਟ ਵੀ ਜਾਰੀ ਕਰਨਗੇ।



ਕੋਰਡੀਆ ਸੰਸਥਾ ਵਿਖੇ ਸੈਮੀਨਾਰ ਦੌਰਾਨ ਅਧਿਆਪਕ ਅਤੇ ਵਿਦਿਆਰਥੀ। ਜਟਾਣਾ

# ਕੋਰਡੀਆ ਸੰਸਥਾ ਵਿਖੇ ਕਰਵਾਇਆ ਵੋਟ ਜਾਗਰੂਕਤਾ ਸੈਮੀਨਾਰ

ਖਮਾਣੋਂ, 20 ਫਰਵਰੀ (ਜਟਾਣਾ)- ਕੋਰਡੀਆ ਸੰਸਥਾ ਵੋਟ ਜਾਗਰੂਕਤਾ ਸਹੁੰ ਚੁੱਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਲੋਕਾਂ ਨੂੰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਜਾਗਰੂਕ ਕੀਤਾ ਗਿਆ।

ਸਮੂਹ ਪ੍ਰਬੰਧਕ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਆਪਣੀ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਸਹੁੰ ਚੁੱਕੀ ਗਈ। ਸੰਸਥਾ ਦੇ ਚੇਅਰਮੈਨ ਲਾਰਡ ਦਲਜੀਤ ਰਾਣਾ ਨੇ ਲੋਕਾਂ ਨੂੰ ਵੱਧ ਚੜ੍ਹ ਕੇ ਵੋਟ ਪਾਉਣ ਲਈ ਕਿਹਾ, ਤਾਂ ਜੋ ਮਜ਼ਬੂਤ ਲੋਕਤੰਤਰ ਦਾ ਨਿਰਮਾਣ ਹੋ ਸਕੇ। ਇਸ ਮੌਕੇ ਡਿਪਟੀ ਚੇਅਰਮੈਨ ਡਾ. ਸਤੀਸ਼ ਕੁਮਾਰ ਸ਼ਰਮਾ ਨੇ ਸਾਰੇ ਯੋਗ ਲੋਕਾਂ ਨੂੰ ਵੋਟ ਦੇ ਅਧਿਕਾਰ ਅਤੇ ਫ਼ਰਜ਼ਾਂ ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ ਸਲਾਹਕਾਰ ਡਾ. ਐੱਸ. ਕੇ. ਸ਼ਰਮਾ, ਪ੍ਰਿੰਸੀਪਲ ਡਾ. ਵਿਕਰਮ ਸ਼ਰਮਾ ਅਤੇ ਹਰਜਿੰਦਰ ਸਿੰਘ ਮੌਜੂਦ ਸਨ।

ਜਗ ਬਾਣੀ ਈ-ਪੇਪਰ
Mon,21 February 2022
Edition: chandigarh bani, Page no. 2

# ਸਾਹਿਬਜ਼ਾਦਿਆਂ ਦੀ ਯਾਦ 'ਚ ਲੰਗਰ ਲਾਇਆ


ਕੋਰਡੀਆ ਕਾਲਜ ਸੰਘੋਲ ਵਿਖੇ ਲਾਏ ਲੰਗਰ ਦਾ ਦ੍ਰਿਸ਼। ਜਟਾਣਾ

ਖਮਾਣੋਂ, 25 ਦਸੰਬਰ (ਜਟਾਣਾ)- ਸ੍ਰੀ ਫਤਿਹਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਚਾਰ ਸਾਹਿਬਜ਼ਾਦਿਆਂ ਦੀ ਯਾਦ 'ਚ ਕੋਰਡੀਆ ਕਾਲਜ ਸੰਘੋਲ ਵਿਖੇ ਲੰਗਰ ਲਾਇਆ ਗਿਆ। ਇਸ ਸਬੰਧੀ ਡਾ. ਹਰਜਿੰਦਰ ਸਿੰਘ ਨੇ ਦੱਸਿਆ ਕਿ ਐੱਸ. ਕੇ. ਸ਼ਰਮਾ ਅਤੇ ਮਨਦੀਪ ਕੌਰ ਦੀ ਅਗਵਾਈ 'ਚ ਉਕਤ ਲੰਗਰ ਲਾਇਆ ਗਿਆ।

ਇਸ ਮੌਕੇ ਡਾ. ਹਰਜਿੰਦਰ ਸਿੰਘ ਨੇ ਵਿਦਿਆਰਥੀਆਂ ਨਾਲ ਸਾਹਿਬਜ਼ਾਦਿਆਂ ਦੀ ਜੀਵਨੀ ਸਬੰਧੀ ਵੀ ਗੱਲਬਾਤ ਕੀਤੀ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।

# ਗਾਇਕ ਜੈਲੀ ਦੇ ਧਾਰਮਿਕ ਸਿੰਗਲ ਟਰੈਕ ਸਾਹਿਬਜ਼ਾਦੇ ਦੇ

ਬਾਣੀ
ਈ-ਪੇਪਰ
Sun,26 December 2021
Edition: chandigarh bani, Page no. 4

14:09

E-paper
epaper.jagbani.com

ਸੋਸਾਇਟੀ ਨੂੰ ਜਿਹੜੇ ਵੀ ਟੈਂਡਰ ਅਲਾਟ ਕੀਤੇ ਗਏ ਹਨ, ਉਨ੍ਹਾਂ ਸਬੰਧੀ ਉਨ੍ਹਾਂ ਨੇ ਕਦੇ ਕੋਈ ਸਿਫਾਰਿਸ਼ ਨਹੀਂ ਕੀਤੀ।

## 'ਆਪ' ਕੌਂਸਲਰਾਂ ਨੇ ਇਹ ਲਾਏ ਸਨ ਦੋਸ਼

ਦੂਜੇ ਪਾਸੇ ਵਧੀਕ ਮੁੱਖ ਸਕੱਤਰ ਨੇ ਸ਼ੋਅਕਾਜ ਨੋਟਿਸ ਵਿਚ ਉਨ੍ਹਾਂ 'ਤੇ ਦੋਸ਼ ਲਾਇਆ ਸੀ ਕਿ ਉਹ ਅੰਮ੍ਰਿਤਪ੍ਰੀਤ ਕੋਆਪ੍ਰੇਟਿਵ ਐੱਲ.ਸੀ.ਸੋਸਾਇਟੀ ਲਿਮਟਿਡ ਦੇ ਮੈਂਬਰ ਹਨ। ਦੂਜਾ ਨਗਰ ਨਿਗਮ ਦੇ ਮੇਅਰ ਦੀ ਹੈਸੀਅਤ ਵਿਚ ਫਾਇਨਾਂਸ ਅਤੇ ਕੰਟਰੈਕਟ ਕਮੇਟੀ (ਐੱਫ ਐਂਡ ਸੀ. ਸੀ.) ਦੇ ਐਕਸ ਆਫੀਸ਼ੀਓ ਚੇਅਰਮੈਨ ਹਨ। ਉਨ੍ਹਾਂ ਨੇ ਅੰਮ੍ਰਿਤਪ੍ਰੀਤ ਸੋਸਾਇਟੀ ਦੇ ਮੈਂਬਰ ਹੁੰਦਿਆਂ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਐਕਟ-

## ਮੇਅਰ ਨੇ ਜਵਾਬ ਦੇਣ ਤੋਂ ਪਹਿਲਾਂ ਹਾਈ ਕੋਰਟ ਦਾ ਕੀਤਾ ਸੀ ਰੁਖ

ਇਸ ਤੋਂ ਪਹਿਲਾਂ ਜੀਤੀ ਸਿੱਧੂ ਨੇ ਵਧੀਕ ਮੁੱਖ ਸਕੱਤਰ ਦੇ ਨੋਟਿਸ ਦਾ ਜਵਾਬ ਦੇਣ ਦੀ ਥਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁਖ ਕਰ ਲਿਆ ਸੀ ਅਤੇ ਅਦਾਲਤ ਨੂੰ ਇਸ ਨੋਟਿਸ ਨੂੰ ਖਾਰਜ ਕਰਨ ਦੀ ਬੇਨਤੀ ਕੀਤੀ ਸੀ ਪਰ ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ ਖਾਰਜ ਕਰਦਿਆਂ ਪਹਿਲਾਂ ਨੋਟਿਸ ਦਾ ਜਵਾਬ ਦੇਣ ਲਈ ਕਿਹਾ ਸੀ। ਅਦਾਲਤ ਨੇ ਉਨ੍ਹਾਂ ਨੂੰ 15 ਦਿਨਾਂ ਅੰਦਰ ਸਬੰਧਿਤ ਅਧਿਕਾਰੀ ਕੋਲ ਜਵਾਬ ਦੇਣ ਦਾ ਹੁਕਮ ਕੀਤਾ ਸੀ, ਜਿਸ ਦੀ ਤਾਮੀਲ ਕਰਦਿਆਂ ਉਨ੍ਹਾਂ ਨੇ ਨੋਟਿਸ ਦਾ ਜਵਾਬ ਦਾਖਲ ਕਰ ਦਿੱਤਾ ਹੈ।

# ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ



*ਵਿਦਿਆਰਥੀਆਂ ਅਤੇ ਮੁੱਖ ਮਹਿਮਾਨਾਂ ਦਾ ਸਨਮਾਨ ਕਰਦੇ ਪ੍ਰਬੰਧਕ।* ਜਟਾਣਾ

ਖਮਾਣੋਂ, 15 ਅਕਤੂਬਰ (ਜਟਾਣਾ)- ਕੋਰਡੀਆ ਗਰੁੱਪ ਆਫ਼ ਇੰਸਟੀਚਿਊਟਸ ਵਲੋਂ ਸੰਘੋਲ ਵਿਖੇ ਨਹਿਰੂ ਯੁਵਾ ਕੇਂਦਰ ਅਤੇ ਡਾਇਰੈਕਟਰ ਆਫ਼ ਯੂਥ ਸਰਵਿਸਿਜ਼ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਅੱਵਲ ਆਉਣ ਵਾਲੇ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਕੋਰਡੀਆ ਗਰੁੱਪ ਆਫ ਇੰਸਟੀਚਿਊਟਸ ਦੇ ਚੇਅਰਮੈਨ ਲਾਰਡ ਦਿਲਜੀਤ ਰਾਣਾ ਅਤੇ ਐਗਜ਼ੀਕਿਊਟਿਵ ਟਰੱਸਟੀ ਉਰਮਿਲ ਵਰਮਾ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਵਿਚ ਯੂਥ ਸਰਵਿਸਿਜ਼ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਡਾ. ਦਿਲਬਰ ਸਿੰਘ ਅਤੇ ਨਹਿਰੂ ਯੁਵਾ ਕੇਂਦਰ ਤੋਂ ਨੇਹਾ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਸੰਸਥਾ ਦੇ ਵੱਖ-ਵੱਖ ਕਾਲਜਾਂ ਅਤੇ ਡੀ.ਡੀ.ਯੂ.ਜੀ.ਕੇ.ਵਾਈ. ਇਕਾਈ ਦੇ ਪੋਸਟਰ ਮੇਕਿੰਗ, ਕਵਿਤਾ ਉਚਾਰਣ, ਲੇਖਣ, ਭਾਸ਼ਣ ਅਤੇ ਮਹਿੰਦੀ ਮੁਕਾਬਲਿਆਂ ਦੇ ਜੇਤੂਆਂ ਨੂੰ ਤਮਗੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਸੰਜੀਵ ਕੁਮਾਰ ਨੇ ਵਿਦਿਆਰਥੀਆਂ ਨੂੰ ਸਮਾਜ ਭਲਾਈ ਨਾਲ ਜੁੜਨ 'ਤੇ ਜ਼ੋਰ ਦਿੱਤਾ।

ਸੰਸਥਾ ਦੇ ਡਿਪਟੀ ਚੇਅਰਮੈਨ ਡਾ. ਸ਼ਤੀਸ਼ ਕੁਮਾਰ ਸ਼ਰਮਾ ਅਤੇ ਡਾ. ਦਿਲਬਰ ਸਿੰਘ ਨੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਸਮਾਜ ਸੇਵਾ ਕਰਨ 'ਤੇ ਜ਼ੋਰ ਦਿੱਤਾ। ਮੈਡਮ ਨੇਹਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਵਿਕਰਮ ਸ਼ਰਮਾ ਅਤੇ ਸੰਸਥਾ ਵਲੋਂ ਦਿਲਵਰ ਸਿੰਘ ਅਤੇ ਨੇਹਾ ਸ਼ਰਮਾ ਦਾ ਸਨਮਾਨ ਵੀ ਕੀਤਾ ਗਿਆ। ਡਾ. ਹਰਜਿੰਦਰ ਸਿੰਘ ਅਤੇ ਮਨਦੀਪ ਕੌਰ ਨੂੰ ਵੀ ਵਿਭਾਗ ਵਲੋਂ ਸਨਮਾਨਿਤ ਕੀਤਾ ਗਿਆ।

# ਬੱਸੀ ਪਠਾਣਾਂ ਪਹੁੰਚਣ 'ਤੇ ਡਾ. ਨਰੇਸ਼ ਚੌਹਾਨ ਦਾ ਸਨਮਾਨ

# ਕੋਰਡੀਆ ਸੰਸਥਾਨ ਸੰਘੋਲ ਵਲੋਂ ਵਿਸ਼ਾਲ ਵਾਤਾਵਰਨ ਜਾਗਰੂਕਤਾ ਮੁਹਿਮ ਦਾ ਆਗਾਜ਼



ਜਾਗਰੂਕਤਾ ਰੈਲੀ ਦੀ ਸ਼ੁਰੂਆਤ ਕਰਦੇ ਪ੍ਰਿੰਸੀਪਲ ਸ਼ਸ਼ੀ ਨੇਗੀ ਅਤੇ ਵਿਦਿਆਰਥੀ। (ਅਰੋੜਾ)

ਖਮਾਣੋਂ, 1 ਅਪ੍ਰੈਲ (ਅਰੋੜਾ) : ਖਮਾਣੋਂ ਕੋਰਡੀਆ ਗਰੁੱਪ ਆਫ ਇੰਸਟੀਟਿਊਟਜ਼ ਸੰਘੋਲ ਵਲੋਂ ਪੰਜਾਬ ਰਾਜ ਵਿਗਿਆਨ ਅਤੇ ਤਕਨਾਲਾਜੀ ਕੌਂਸਲ ਦੇ ਸਹਿਯੋਗ ਨਾਲ ਵਾਤਾਵਰਨ ਨਾਲ ਸਬੰਧਿਤ ਵਿਸ਼ਾਲ ਜਾਗਰੂਕਤਾ ਮੁਹਿਮ ਚਲਾਈ ਗਈ। ਇਸ ਦੋ ਰੋਜ਼ਾ ਮੁਹਿਮ ਵਿਚ ਸਾਫ਼ ਸਫ਼ਾਈ, ਪੌਦੇ ਲਗਾਉਣਾ, ਵਾਤਾਵਰਣ ਬਚਾਓ ਸਬੰਧੀ ਪੋਸਟਰ ਮੇਕਿੰਗ ਮੁਕਾਬਲੇ, ਲੈਕਚਰ ਸੈਸ਼ਨ ਅਤੇ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਇਸ ਮੁਹਿਮ ਵਿਚ ਤਿੰਨ ਸੌ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ।

ਸੰਸਥਾਨ ਦੀ ਮੈਨੇਜਮੈਂਟ ਵਲੋਂ ਕਰਵਾਏ ਇਸ ਪ੍ਰੋਗਰਾਮ ਦੀ ਅਗਵਾਈ ਕੋਰਡੀਆ ਸੰਸਥਾ ਦੇ ਡੀਨ ਅਕਾਦਮਿਕ ਅਤੇ ਪ੍ਰਿੰਸੀਪਲ ਸ਼ਸ਼ੀ ਨੇਗੀ ਨੇ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਡੀ ਸੰਸਥਾ ਵਾਤਾਵਰਨ ਬਚਾਉਣ ਅਤੇ ਸਮਾਜ ਭਲਾਈ ਲਈ ਹਮੇਸ਼ਾ ਹੀ ਕੰਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਮਨੁੱਖੀ ਜੀਵਨ ਬਚਾਉਣ ਲਈ ਰੁੱਖਾਂ ਤੇ ਪਾਣੀ ਨੂੰ ਬਚਾਉਣ ਦੀ ਲੋੜ ਹੈ। ਸਾਰੇ ਅਧਿਆਪਕਾਂ ਨੇ ਵੀ ਇਸ ਮੁਹਿਮ ਵਿਚ ਯੋਗਦਾਨ ਪਾਇਆ।

# ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣ ਨੌਜਵਾਨ : ਬਲਗੀਰ




ਕੋਰਡੀਆ ਕਾਲਜ ਸੰਘੋਲ ਵਿਖੇ ਸ਼ਹੀਦਾਂ ਨੂੰ ਯਾਦ ਕਰਨ ਮੌਕੇ ਡਾ. ਏ.ਐੱਸ. ਬਲਗੀਰ ਵਿਦਿਆਰਥੀਆਂ ਨਾਲ। (ਜਟਾਣਾ)

ਖਮਾਣੋਂ,23 ਮਾਰਚ (ਜਟਾਣਾ) : ਕੋਰਡੀਆ ਗਰੁੱਪ ਆਫ਼ ਇਸਟੀਚਿਊਟਸ ਵੱਲੋਂ ਕੌਮਾਂਤਰੀ ਸੰਸਥਾ ਜੀ.ਓ. ਐਜੂਕੇਸ਼ਨਲ ਕਾਊਂਸਿਲ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਸਮਾਜ ਸੇਵਕ, ਚਿੰਤਕ ਅਤੇ ਕਈ ਸਰਕਾਰੀ ਸੇਵਾਵਾਂ ਨਿਭਾਉਣ ਵਾਲੇ ਡਾ. ਏ ਐੱਸ. ਬਲਗੀਰ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਇਨ੍ਹਾਂ ਸ਼ਹੀਦਾਂ ਦੇ ਜੀਵਨ ਤੋਂ ਸੇਧ ਲੈਣ ਦੀ ਲੋੜ ਹੈ। ਕੋਰਡੀਆ ਸੰਸਥਾ ਦੇ ਮੁੱਖ ਕਾਰਜਕਾਰੀ ਅਫ਼ਸਰ ਹਰਸਿਮਰਨ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਡੀਨ ਅਕਾਦਮਿਕ ਅਤੇ ਪ੍ਰਿੰਸੀਪਲ ਡਾ. ਸ਼ਸ਼ੀ ਨੇਗੀ ਨੇ ਮੁੱਖ ਮਹਿਮਾਨ ਦਾ ਸਨਮਾਨ ਅਤੇ ਧੰਨਵਾਦ ਕੀਤਾ। ਵਿਦਿਆਰਥੀਆਂ ਨੇ ਸ਼ਹੀਦਾਂ ਦੀ ਸ਼ਹੀਦੀ ਨਾਲ ਸਬੰਧਤ ਪ੍ਰੋਗ੍ਰਾਮ ਪੇਸ਼ ਕੀਤਾ। ਮੰਚ ਸੰਚਾਲਨ ਡਾ. ਹਰਜਿੰਦਰ ਸਿੰਘ ਨੇ ਕੀਤਾ। ਇਸ ਮੌਕੇ ਸਾਰੇ ਅਧਿਆਪਕ ਵੀ ਹਾਜ਼ਰ ਸਨ।

# ਕੋਰਡੀਆ ਗਰੁੱਪ ਆਫ਼ ਇੰਸਟੀਚਿਊਟ ਵਿਖੇ ਕਰਵਾਈ ਸਰਪੰਚ ਮਿਲਣੀ



ਸਰਪੰਚ ਮਿਲਣੀ ਉਪਰੰਤ ਦਲਜੀਤ ਸਿੰਘ ਰਾਣਾ ਤੇ ਹੋਰ। ਜਟਾਣਾ

**ਵਿਚਾਰ ਕਰਨ ਲਈ ਇਕ ਓਪਨ ਹਾਊਸ ਸ਼ੈਸ਼ਨ ਹੋਇਆ। ਚੇਅਰਮੈਨ ਡਾ. ਦਲਜੀਤ ਸਿੰਘ ਨੇ ਵੱਡੀ ਗਿਣਤੀ ਪਹੁੰਚੇ ਸਰਪੰਚਾਂ ਨੂੰ ਸੰਬੋਧਨ**

ਖਮਾਣੋਂ, 11 ਜਨਵਰੀ (ਜਟਾਣਾ)-ਕੋਰਡੀਆ ਗਰੁੱਪ ਆਫ਼ ਇੰਸਟੀਚਿਊਟ ਸੰਘੋਲ ਪੇਂਡੂ ਖੇਤਰ ਦੇ ਵਿਕਾਸ ਲਈ ਕੰਮ ਕਰਨ ਲਈ ਹਮੇਸ਼ਾ ਤਤਪਰ ਰਹਿੰਦਾ ਹੈ।ਸੰਸਥਾ ਦੇ ਪ੍ਰਬੰਧਕਾਂ ਨੇ ਉਪਰਾਲਾ ਕਰਦਿਆਂ ਯੂ. ਆਰ. ਪੀ. ਐੱਸ. ਪ੍ਰਿੰਸੀਪਲ ਸ਼ਾਲੂ ਸ਼ਰਮਾ ਵਲੋਂ ਨੇੜਲੇ ਪਿੰਡਾਂ ਲਈ ਸਿੱਖਿਆ ਸਬੰਧੀ ਮੁੱਦਿਆਂ 'ਤੇ ਚਰਚਾ ਕਰਨ ਲਈ ਸਰਪੰਚ ਮਿਲਣੀ ਕਰਵਾਈ। ਇਸ ਦੀ ਸ਼ੁਰੂਆਤ ਕੈਂਪਸ ਪ੍ਰਬੰਧਕਾਂ ਵਲੋਂ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਦਾ ਨਿੱਘਾ ਸਵਾਗਤ ਕਰਦਿਆਂ ਕੀਤੀ।

ਸਮਾਗਮ ਵਿਚ ਪ੍ਰਬੰਧਕ ਕਮੇਟੀ ਦੇ ਮੈਂਬਰ ਚੇਅਰਮੈਨ ਲਾਰਡ ਦਿਲਜੀਤ ਰਾਣਾ, ਕਾਰਜਕਾਰੀ ਟਰੱਸਟੀ ਡਾ. ਉਰਮਿਲ ਵਰਮਾ, ਡਾ. ਬਲਜਿੰਦਰ ਸਿੰਘ, (ਕੈਂਪਸ ਡਾਇਰੈਕਟਰ) ਅਤੇ ਡਾ .ਸੰਜੀਵ (ਪ੍ਰਿੰਸੀਪਲ ਕੋਰਡੀਆ ਕਾਲਜ) ਤੇ ਡਾ. ਹਰਜਿੰਦਰ ਸਿੰਘ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਸ਼ਾਲੂ ਸ਼ਰਮਾ ਨੇ ਪੇਂਡੂ ਖੇਤਰ ਵਿਚ ਸਕੂਲ ਦੀ ਪ੍ਰਗਤੀ ਸਬੰਧੀ ਸਮੁੱਚੀ ਰਿਪੋਰਟ ਪੇਸ਼ ਕੀਤੀ। ਇਸ ਤੋਂ ਬਾਅਦ ਸਰਪੰਚਾਂ ਦੇ ਮੁੱਦਿਆਂ ਅਤੇ ਸੁਝਾਵਾਂ ਬਾਰੇ ਵਿਚਾਰ ਕਰਨ ਲਈ ਇਕ ਓਪਨ ਹਾਊਸ ਸ਼ੈਸ਼ਨ ਹੋਇਆ।

ਚੇਅਰਮੈਨ ਡਾ. ਦਲਜੀਤ ਸਿੰਘ ਨੇ ਵੱਡੀ ਗਿਣਤੀ ਪਹੁੰਚੇ ਸਰਪੰਚਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਿੱਖਿਆ ਸੰਸਥਾ ਨੂੰ ਬਿਜ਼ਨੈੱਸ ਨਹੀਂ ਸਗੋ ਇਕ ਚੈਰਿਟੀ ਸੰਸਥਾ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਕੋਰਡੀਆ ਸੰਸਥਾ ਨੂੰ ਸਮਰਪਿਤ ਕਰ ਦਿੱਤਾ, ਤਾਂ ਜੋ ਇਲਾਕੇ ਦਾ ਕੋਈ ਵੀ ਵਿਦਿਆਰਥੀ ਆਰਥਿਕ ਕਮਜ਼ੋਰੀ ਕਾਰਨ ਆਪਣੀ ਪੜ੍ਹਾਈ ਵਿਚਕਾਰ ਨਾ ਛੱਡ ਸਕੇ।

ਇਸ ਮੌਕੇ ਸਾਬਕਾ ਸਰਪੰਚ ਨੌਨਿਹਾਲ ਸਿੰਘ ਟੋਡਰਪੁਰ, ਰਵਿੰਦਰ ਸਿੰਘ ਮਨੈਲਾ, ਸਰਪੰਚ ਹਰਪਿੰਦਰ ਸਿੰਘ ਸ਼ਮਸ਼ਪੁਰ ਸਿੰਘਾਂ, ਮੇਜਰ ਸਿੰਘ ਮਨਸੂਰਪੁਰ, ਸਾਬਕਾ ਸਰਪੰਚ ਬਹਾਦਰ ਸਿੰਘ ਸੰਘੋਲ, ਬਲਾਕ ਪ੍ਰਧਾਨ ਸੰਘੋਲ ਸ਼ਾਮ ਲਾਲ ਨਰੂਲਾ, ਹਰਚੰਦ ਸਿੰਘ ਚੰਨੀ ਜ਼ਿਲਾ ਪ੍ਰਧਾਨ ਕੈਮਿਸਟ ਐਸੋ., ਮੈਂਬਰ ਪੰਚਾਇਤ ਮਮਤਾ ਪੁਰੀ, ਰੌਬਿਨ ਗੋਗਨਾ (ਪ੍ਰਧਾਨ ਦੁਕਾਨਦਾਰ ਯੂਨੀਅਨ) ਤੇ ਹਰਚੰਦ ਸਿੰਘ ਸੰਘੋਲ ਆਦਿ ਹਾਜ਼ਰ ਸਨ।

ਜਗ ਬਾਣੀ ਈ-ਪੇਪਰ
Fri,12 January 2024
Edition: chandigarh bani, Page no. 4

ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ- ਜਵਾਬ ਦਾਖਲ ਕਰ ਦਿੱਤਾ ਹੈ।

# ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ



*ਵਿਦਿਆਰਥੀਆਂ ਅਤੇ ਮੁੱਖ ਮਹਿਮਾਨਾਂ ਦਾ ਸਨਮਾਨ ਕਰਦੇ ਪ੍ਰਬੰਧਕ।* ਜਟਾਣਾ

ਖਮਾਣੋਂ, 15 ਅਕਤੂਬਰ (ਜਟਾਣਾ)- ਕੋਰਡੀਆ ਗਰੁੱਪ ਆਫ਼ ਇੰਸਟੀਚਿਊਟਸ ਵਲੋਂ ਸੰਘੋਲ ਵਿਖੇ ਨਹਿਰੂ ਯੁਵਾ ਕੇਂਦਰ ਅਤੇ ਡਾਇਰੈਕਟਰ ਆਫ਼ ਯੂਥ ਸਰਵਿਸਿਜ਼ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਅੱਵਲ ਆਉਣ ਵਾਲੇ ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਕੋਰਡੀਆ ਗਰੁੱਪ ਆਫ ਇੰਸਟੀਚਿਊਟਸ ਦੇ ਚੇਅਰਮੈਨ ਲਾਰਡ ਦਿਲਜੀਤ ਰਾਣਾ ਅਤੇ ਐਗਜ਼ੀਕਿਊਟਿਵ ਟਰੱਸਟੀ ਉਰਮਿਲ ਵਰਮਾ ਦੀ ਸਰਪ੍ਰਸਤੀ ਹੇਠ ਹੋਏ ਇਸ ਸਮਾਗਮ ਵਿਚ ਯੂਥ ਸਰਵਿਸਿਜ਼ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਡਾ. ਦਿਲਬਰ ਸਿੰਘ ਅਤੇ ਨਹਿਰੂ ਯੁਵਾ ਕੇਂਦਰ ਤੋਂ ਨੇਹਾ ਸ਼ਰਮਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਇਸ ਮੌਕੇ ਸੰਸਥਾ ਦੇ ਵੱਖ-ਵੱਖ ਕਾਲਜਾਂ ਅਤੇ ਡੀ.ਡੀ.ਯੂ.ਜੀ.ਕੇ.ਵਾਈ. ਇਕਾਈ ਦੇ ਪੋਸਟਰ ਮੇਕਿੰਗ, ਕਵਿਤਾ ਉਚਾਰਣ, ਲੇਖਣ, ਭਾਸ਼ਣ ਅਤੇ ਮਹਿੰਦੀ ਮੁਕਾਬਲਿਆਂ ਦੇ ਜੇਤੂਆਂ ਨੂੰ ਤਮਗੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਡਾ. ਸੰਜੀਵ ਕੁਮਾਰ ਨੇ ਵਿਦਿਆਰਥੀਆਂ ਨੂੰ ਸਮਾਜ ਭਲਾਈ ਨਾਲ ਜੁੜਨ 'ਤੇ ਜ਼ੋਰ ਦਿੱਤਾ।

ਸੰਸਥਾ ਦੇ ਡਿਪਟੀ ਚੇਅਰਮੈਨ ਡਾ. ਸ਼ਤੀਸ਼ ਕੁਮਾਰ ਸ਼ਰਮਾ ਅਤੇ ਡਾ. ਦਿਲਬਰ ਸਿੰਘ ਨੇ ਵਿਦਿਆਰਥੀਆਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਸਮਾਜ ਸੇਵਾ ਕਰਨ 'ਤੇ ਜ਼ੋਰ ਦਿੱਤਾ। ਮੈਡਮ ਨੇਹਾ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਵਿਕਰਮ ਸ਼ਰਮਾ ਅਤੇ ਸੰਸਥਾ ਵਲੋਂ ਦਿਲਵਰ ਸਿੰਘ ਅਤੇ ਨੇਹਾ ਸ਼ਰਮਾ ਦਾ ਸਨਮਾਨ ਵੀ ਕੀਤਾ ਗਿਆ। ਡਾ. ਹਰਜਿੰਦਰ ਸਿੰਘ ਅਤੇ ਮਨਦੀਪ ਕੌਰ ਨੂੰ ਵੀ ਵਿਭਾਗ ਵਲੋਂ ਸਨਮਾਨਿਤ ਕੀਤਾ ਗਿਆ।

# ਹੁਨਰ ਵਿਕਾਸ ਲਈ ਸਰਕਾਰ ਨੂੰ ਸਹਿਯੋਗ ਦੇਣ ਸਨਅਤਕਾਰ : ਅਨੀਤਾ ਦਰਸ਼ੀ



*ਵਧੀਕ ਡਿਪਟੀ ਕਮਿਸ਼ਨਰ ਅਨੀਤਾ ਦਰਸ਼ੀ ਦੇ ਨਾਲ ਡਾ. ਦਲਜੀਤ ਸਿੰਘ ਰਾਣਾ ਅਤੇ ਹੋਰ।*

ਖਮਾਣੋਂ, 10 ਦਸੰਬਰ (ਜਟਾਣਾ, ਅਰੋੜਾ)- ਕੌਰਡੀਆ ਗਰੁੱਪ ਆਫ ਇੰਸਟੀਚਿਊਟਸ ਸੰਘੋਲ ਵਿਖੇ ਵਿਸ਼ਾਲ 'ਇੰਡਸਟਰੀ ਮੀਟ' ਕਰਵਾਈ ਗਈ, ਜਿਸ ਵਿਚ ਸ੍ਰੀ ਫਤਿਹਗੜ੍ਹ ਸਾਹਿਬ ਦੇ ਵਧੀਕ ਡਿਪਟੀ ਕਮਿਸ਼ਨਰ ਅਨੀਤਾ ਦਰਸ਼ੀ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹ ਨੇ ਕੌਰਡੀਆ ਸੰਸਥਾ ਅਤੇ ਮਜ਼ਾਰ ਐਡਵਾਇਜ਼ਰੀ ਐੱਲ. ਐੱਲ. ਪੀ. ਵੱਲੋਂ ਤਿਆਰ ਸਕਿਲ ਗੈਪ ਰਿਪੋਰਟ ਜਾਰੀ ਕੀਤੀ।

ਇਸ ਮੌਕੇ ਮੌਕੇ ਵਧੀਕ ਡਿਪਟੀ ਨੇ ਕੌਰਡੀਆ ਸਿਖਿਆ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਭਰਪੂਰ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਉਨ੍ਹਾਂ ਨੇ ਸਨਅਤਕਾਰਾਂ ਨੂੰ ਹੁਨਰ ਵਿਕਾਸ ਲਈ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਕੌਰਡੀਆ ਸੰਸਥਾਨ ਦੇ ਚੇਅਰਮੈਨ ਲਾਰਡ ਦਿਲਜੀਤ ਰਾਣਾ ਨੇ ਕੌਰਡੀਆ ਸੰਸਥਾਨ ਦੇ ਹੁਨਰ ਵਿਕਾਸ ਸਬੰਧੀ ਰੋਜ਼ਗਾਰ ਤਿਆਰ ਕਰਨ ਦੇ ਉਪਰਾਲੇ ਦਾ ਜ਼ਿਕਰ ਕੀਤਾ।

ਸੰਸਥਾ ਦੇ ਟਰੱਸਟੀ ਮੈਡਮ ਉਰਮਿਲ ਵਰਮਾ ਨੇ ਸੰਸਥਾ ਦੀਆਂ ਪ੍ਰਾਪਤੀਆਂ ਅਤੇ ਯੋਜਨਾਵਾਂ ਦਾ ਜ਼ਿਕਰ ਕੀਤਾ। ਮਜ਼ਾਰ ਐਡਵਾਇਜ਼ਰੀ ਐੱਲ. ਐੱਲ. ਪੀ. ਦੇ ਡਾਇਰੈਕਟਰ ਡਾ. ਸੰਜੇ ਭਾਰਦਵਾਜ ਨੇ ਸਿੱਖਿਆ ਅਤੇ ਹੁਨਰ ਦੇ ਤਾਲਮੇਲ 'ਤੇ ਜ਼ੋਰ ਦਿੱਤਾ। ਇਸ ਮੌਕੇ ਮਜ਼ਾਰ ਦੇ ਕਾਰਜਕਾਰੀ ਡਾਇਰੈਕਟਰ ਸੁਮਿਤ ਸਿੰਘ, ਹੀਰੋ ਗਰੁੱਪ ਦੇ ਰਵੀ ਸਿਨਹਾ, ਐੱਮ. ਐੱਮ. ਸਿੰਘ , ਮੈਡਮ ਲੋਪਾਮੁਦਰਾ ਪਟਨਾਇਕ ਨੇ ਵੀ ਆਪਣੇ ਵਿਚਾਰ ਰੱਖੇ । ਮੀਟ ਵਿਚ ਉੱਘੇ ਉਦਯੋਗਪਤੀਆਂ ਨੇ ਭਾਗ ਲਿਆ । ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰ ਸਿੰਘ ਸਿੱਧੂ, ਐੱਮ. ਐੱਮ. ਸਿੰਘ ਅਤੇ ਹੋਰ ਮਹਿਮਾਨ ਵੀ ਹਾਜ਼ਰ ਸਨ।

# ਕੋਰਡੀਆ ਸੰਸਥਾ ਵਿਖੇ ਵੋਟ ਸਬੰਧੀ ਜਾਗਰੂਕਤਾ ਰੈਲੀ

ਅਮਲੋਹ, 19 ਨਵੰਬਰ (ਜਰਨਾਣਾ)- ਕੋਰਡੀਆ ਗਰੁੱਪ ਆਫ ਇੰਸਟੀਚਿਊਟ ਸੰਘੋਲ ਵੱਲੋਂ ਲੋਕਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਚੋਣਾਂ ਵਿਚ ਭਾਗ ਲੈਣ ਅਤੇ ਵੋਟ ਦੇ ਹੱਕ ਦੀ ਵਰਤੋਂ ਲਈ ਪ੍ਰੇਰਿਤ ਕੀਤਾ।


ਵੋਟ ਪਾਉਣ ਦੇ ਅਧਿਕਾਰ ਸਬੰਧੀ ਜਾਣਕਾਰੀ ਦੇਣ ਸਮੇਂ ਕਾਲਜ ਦੇ ਵਿਦਿਆਰਥੀ।

ਉਨ੍ਹਾਂ ਨੇ ਰੈਲੀ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ।

ਵਿਦਿਆਰਥੀਆਂ ਨੇ ਲੁਧਿਆਣਾ-ਚੰਡੀਗੜ੍ਹ ਰਾਜ ਮਾਰਗ ਅਤੇ ਸੰਘੋਲ ਪਿੰਡ ਵਿਚ ਰੈਲੀ ਰਾਹੀਂ ਵੋਟ ਪਾਉਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਐਨ. ਐਸ. ਐਸ. ਪ੍ਰੋਗਰਾਮ ਅਫਸਰ ਡਾ. ਹਰਜਿੰਦਰ ਸਿੰਘ, ਮਨਦੀਪ ਕੌਰ ਅਤੇ ਸਮੂਹ ਅਧਿਆਪਕ ਵੀ ਰੈਲੀ ਦਾ ਹਿੱਸਾ ਬਣੇ।

https://epaper.jagbani.com/clip?658883

# 4 ਰੋਜ਼ਗਾਰ ਮੇਲਿਆਂ 'ਚ 4180 ਨੌਜਵਾਨਾਂ ਦੀ ਰੋਜ਼ਗਾਰ ਲਈ ਚੋਣ

## ■ ਵਿਧਾਇਕ ਗੁਰਪ੍ਰੀਤ ਸਿੰਘ ਜੀ. ਪੀ. ਨੇ ਨੌਜਵਾਨਾਂ ਨੂੰ ਸੌਂਪੇ ਨਿਯੁਕਤੀ-ਪੱਤਰ

ਬੱਸੀ ਪਠਾਣਾਂ, 17 ਸਤੰਬਰ (ਰਾਜਕਮਲ)- 7ਵੇਂ ਮੈਗਾ ਰੋਜ਼ਗਾਰ ਮੇਲੇ ਤਹਿਤ ਵੱਡੇ ਪੱਧਰ 'ਤੇ ਵੱਖ-ਵੱਖ ਥਾਂ ਰੋਜ਼ਗਾਰ ਮੇਲੇ ਲਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਦਿੱਤਾ ਜਾ ਰਿਹਾ ਹੈ, ਜਿਹੜਾ ਕਿ ਸ਼ਲਾਘਾਯੋਗ ਉਪਰਾਲਾ ਹੈ ਤੇ ਅਜਿਹੇ ਉਪਰਾਲੇ ਲਗਾਤਾਰ ਜਾਰੀ ਰੱਖੇ ਜਾਣਗੇ।

ਉਕਤ ਗੱਲ ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਗੁਰਪ੍ਰੀਤ ਸਿੰਘ ਜੀ. ਪੀ. ਨੇ 7ਵੇਂ ਮੈਗਾ ਰੋਜ਼ਗਾਰ ਮੇਲੇ ਤਹਿਤ ਕੋਰਡੀਆ ਕਾਲਜ, ਸੰਘੋਲ ਵਿਖੇ ਲਾਏ ਰੋਜ਼ਗਾਰ ਮੇਲੇ ਦਾ ਜਾਇਜ਼ਾ ਲੈਣ ਉਪਰੰਤ ਆਖੀ।

ਉਨ੍ਹਾਂ ਕਿਹਾ ਕਿ ਇਨ੍ਹਾਂ ਰੋਜ਼ਗਾਰ ਮੇਲਿਆਂ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ 'ਚ ਰੋਜ਼ਗਾਰ ਮੁਹੱਈਆ ਕਰਵਾ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਰੋਜ਼ਗਾਰ ਮੇਲੇ ਰੋਜ਼ਗਾਰ ਦੇਣ ਵਾਲਿਆਂ ਤੇ ਰੋਜ਼ਗਾਰ ਲੱਭਣ ਵਾਲਿਆਂ ਲਈ ਸਾਂਝੇ ਮੰਚ ਦਾ ਕੰਮ ਕਰਦੇ ਹਨ ਤੇ ਵੱਡੀ ਗਿਣਤੀ ਕੰਪਨੀਆਂ ਤੇ ਨੌਜਵਾਨਾਂ ਨੇ ਇਨ੍ਹਾਂ ਮੇਲਿਆਂ ਦਾ ਲਾਹਾ ਲਿਆ ਹੈ। ਹਲਕਾ ਵਿਧਾਇਕ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਰੋਜ਼ਗਾਰ ਮੇਲੇ 'ਚੋਂ ਨੌਕਰੀ ਪ੍ਰਾਪਤ ਕਰ ਕੇ ਲੰਮਾ ਸਮਾਂ ਇਕ ਨੌਕਰੀ ਕਰਨ ਤੇ ਹੌਲੀ-ਹੌਲੀ ਤਰੱਕੀ ਦੀ ਪੌੜੀ ਚੜ੍ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਬਿਹਤਰੀ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।



*ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੰਦੇ ਵਿਧਾਇਕ ਗੁਰਪ੍ਰੀਤ ਸਿੰਘ ਜੀ. ਪੀ. ਤੇ ਹੋਰ ਅਧਿਕਾਰੀ।*

ਇਸ ਮੌਕੇ ਉਨ੍ਹਾਂ ਨੇ ਰੋਜ਼ਗਾਰ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੀ ਵੰਡੇ ਤੇ ਰੋਜ਼ਗਾਰ ਪ੍ਰਾਪਤੀ ਲਈ ਪੁੱਜੇ ਨੌਜਵਾਨਾਂ ਤੇ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਵੀ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਦੱਸਿਆ ਕਿ ਜ਼ਿਲੇ 'ਚ ਲਾਏ 4 ਰੋਜ਼ਗਾਰ ਮੇਲਿਆਂ 'ਚ ਹਲਕਾ ਬੱਸੀ ਪਠਾਣਾਂ ਸਮੇਤ ਜ਼ਿਲੇ ਦੇ 4180 ਨੌਜਵਾਨਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵਿਖੇ ਲਾਏ ਮੇਲੇ ਦੌਰਾਨ 718, ਪੀ. ਆਈ. ਐੱਮ. ਟੀ. ਮੰਡੀ ਗੋਬਿੰਦਗੜ੍ਹ ਵਿਖੇ ਲਾਏ ਮੇਲੇ ਦੌਰਾਨ 1233, ਮਾਤਾ ਗੁਜਰੀ ਕਾਲਜ ਵਿਖੇ ਲਾਏ ਮੇਲੇ ਦੌਰਾਨ 1329 ਤੇ ਕੋਰਡੀਆ ਕਾਲਜ ਸੰਘੋਲ ਵਿਖੇ ਲਾਏ ਮੇਲੇ ਦੌਰਾਨ ਵੱਖ-ਵੱਖ ਕੰਪਨੀਆਂ ਵੱਲੋਂ 900 ਨੌਜਵਾਨਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਉਨ੍ਹਾਂ ਦੱਸਿਆ ਕਿ ਮੇਲੇ ਸਬੰਧੀ ਰਜਿਸਟ੍ਰੇਸ਼ਨ, ਇੰਟਰਵਿਊ, ਸੂਚਨਾ ਕੇਂਦਰ, ਨੌਜਵਾਨਾਂ ਦੇ ਬੈਠਣ ਅਤੇ ਖਾਣ-ਪੀਣ ਦੇ ਪੂਰੇ ਪ੍ਰਬੰਧ ਕੀਤੇ ਗਏ ਤੇ ਕਿਸੇ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਗਈ।

ਕਈ ਵੱਡੀਆਂ ਨਾਮੀ ਕੰਪਨੀਆਂ ਸਮੇਤ ਲੋਕਲ ਕੰਪਨੀਆਂ ਨੇ ਸ਼ਿਰਕਤ ਕੀਤੀ ਤੇ ਨੌਜਵਾਨਾਂ ਦੀ ਚੋਣ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੇਲੇ 'ਚ ਪ੍ਰਾਈਵੇਟ ਖੇਤਰ ਦੀਆਂ ਵੱਖ-ਵੱਖ ਨਾਮੀ ਕੰਪਨੀਆਂ ਸ਼ਾਮਿਲ ਹਨ, ਜਿਨ੍ਹਾਂ 'ਚ 12ਵੀਂ, ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਬਿਨੈਕਾਰਾਂ ਦੀ ਭਰਤੀ ਕੀਤੀ ਗਈ ਹੈ। ਇਸ ਮੌਕੇ ਜ਼ਿਲਾ ਪੁਲਸ ਮੁਖੀ ਸੰਦੀਪ ਗੋਇਲ, ਵਧੀਕ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਐੱਸ. ਡੀ. ਐੱਮ. ਖਮਾਣੋਂ ਦੀਪਜੋਤ ਕੌਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਕੀਤਾ ਗਿਆ ਹੈ। -ਖੇਤਰੀ ਪ੍ਰਤੀਨਿਧ

ਪਟਿਆਲਾ ਦੇ ਛਿਪਦੇ ਵੱਲ ਦੇ ਕਈ

ਜ਼ਿਲ੍ਹ ਚ ਆਰੰਭ ਵਿਕਾਸ ਪ੍ਰਾਜੈਕਟਾਂ ਦੀ ਖੁਦ ਸਮੀਖਿਆ ਕਰ ਰਹੇ ਹਨ।

ਦੇ ਬੱਸ ਪਾਸ ਨਹੀਂ ਬਣ ਰਹੇ। ਇਸ ਕਾਰਨ ਵਿਦਿਆਰਥੀਆਂ ਨੂੰ ਰੋਜ਼ਾਨਾ ਕਿਰਾਇਆ ਖਰਚ ਕੇ

ਅਤੇ ਹੋਰ ਅਧਿਕਾਰੀਆਂ ਵੱਲੋਂ ਲਗਾਤਾਰ ਬੱਸ ਪਾਸ ਬਣਾਉਣ ਤੋਂ ਆਨਾਕਾਨੀ ਕੀਤੀ ਜਾ ਰਹੀ ਹੈ। ਉਧਰ,

# ਪਰਾਲੀ ਨਾ ਸਾੜਨ ਬਾਰੇ ਐਤਕੀਂ ਵੀ ਜਾਗਰੂਕ ਕਰੇਗੀ ਪੰਜਾਬੀ 'ਵਰਸਿਟੀ : ਡਾ. ਘੁੰਮਣ

## ਐੱਨ.ਐੱਸ.ਐੱਸ. ਵਿਭਾਗ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਸਮਾਗਮ ਕਰਾਇਆ; ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 12 ਫੀਸਦੀ ਦੀ ਆਈ ਸੀ ਕਮੀ

**ਰਵੇਲ ਸਿੰਘ ਭਿੰਡਰ**

**ਪਟਿਆਲਾ, 10 ਸਤੰਬਰ**

ਪੰਜਾਬੀ ਯੂਨੀਵਰਸਿਟੀ ਵੱਲੋਂ ਪਰਾਲੀ ਸਾੜੇ ਜਾਣ ਦੇ ਮੁੱਦੇ 'ਤੇ ਜਾਗਰੂਕਤਾ ਫੈਲਾਉਣ ਲਈ ਇਸ ਵਾਰ ਵੀ ਮੋਹਰੀ ਭੂਮਿਕਾ ਨਿਭਾਈ ਜਾਣੀ ਹੈ। ਇਸ ਸਬੰਧੀ ਚਰਚਾ ਕਰਨ ਲਈ ਯੂਨੀਵਰਸਿਟੀ ਦੇ ਐੱਨ.ਐੱਸ.ਐੱਸ. ਵਿਭਾਗ ਵੱਲੋਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਸਾਇੰਸ ਆਡੀਟੋਰੀਅਮ ਵਿੱਚ ਇਕ ਸਮਾਗਮ ਕੀਤਾ ਗਿਆ।



ਵਾਈਸ ਚਾਂਸਲਰ ਡਾ. ਬੀ.ਐਸ.ਘੁੰਮਣ ਚਰਚਾ 'ਚ ਹਿੱਸਾ ਲੈਂਦੇ ਹੋਏ।

ਇਸ ਮੌਕੇ ਬੋਲਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਬੀ.ਐੱਸ. ਘੁੰਮਣ ਨੇ ਕਿਹਾ ਕਿ ਅਜਿਹੇ ਮਸਲਿਆਂ ਸਬੰਧੀ ਸਮਾਜ ਭਲਾਈ ਦੇ ਕੰਮ ਕਰਨ ਲਈ ਯੂਨੀਵਰਸਿਟੀਆਂ ਨੂੰ ਆਪਣੀ ਚਾਰਦੀਵਾਰੀ ਤੋਂ ਬਾਹਰ ਆਉਣਾ ਚਾਹੀਦਾ ਹੈ। ਯੂਨੀਵਰਸਿਟੀਆਂ ਕਿਸੇ ਵੀ ਸਮਾਜ ਦਾ ਦਿਲ ਅਤੇ ਦਿਮਾਗ ਹੁੰਦੀਆਂ ਹਨ ਜਿੱਥੇ ਨਵੇਂ ਵਿਚਾਰ ਸਿਰਫ ਪੈਦਾ ਹੀ ਨਹੀਂ ਹੁੰਦੇ ਸਗੋਂ ਲੋਕ-ਭਾਸ਼ਾ ਵਿਚ ਆਮ ਲੋਕਾਂ ਤਕ ਇਨ੍ਹਾਂ ਵਿਚਾਰਾਂ ਦਾ ਸੰਚਾਰ ਕਰਨ ਦੇ ਅਨੇਕ ਢੰਗ ਅਤੇ ਸਾਧਨ ਵੀ ਯੂਨੀਵਰਸਿਟੀਆਂ ਕੋਲ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਖੁਸ਼ੀ ਦੀ ਗੱਲ ਹੈ ਕਿ ਪਿਛਲੇ ਸਾਲ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ ਬਣਾਏ ਸਾਂਝੇ ਪ੍ਰੋਗਰਾਮ ਤਹਿਤ ਐੱਨ. ਐੱਸ.ਐੱਸ. ਵਲੰਟੀਅਰਾਂ ਨਾਲ ਪੰਜਾਬ ਦੇ ਤਕਰੀਬਨ 4500 ਪਿੰਡਾਂ ਤਕ ਪਹੁੰਚ ਬਣਾ ਕੇ ਜਾਗਰੂਕਤਾ ਫੈਲਾਈ ਗਈ ਸੀ, ਜਿਸ ਦੇ ਸਿੱਟੇ ਵਜੋਂ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਤਕਰੀਬਨ 12 ਫੀਸਦੀ ਦੀ ਕਮੀ ਦੇਖਣ ਨੂੰ ਮਿਲੀ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਚਲੇ ਬਹੁਤੇ ਬੱਚੇ ਕਿਸਾਨੀ ਪਿਛੋਕੜ ਦੇ ਹੋਣ ਕਾਰਨ ਇਸ ਗੱਲ ਦਾ ਬਹੁਤ ਲਾਭ ਹੈ ਕਿ ਉਹ ਬਿਹਤਰ ਢੰਗ ਨਾਲ ਇਸ ਬਾਰੇ ਜਾਗਰੂਕ ਕਰ ਸਕਦੇ ਹਨ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਡਿਪਟੀ ਡਾਇਰੈਕਟਰ ਤੇ ਉੱਘੇ ਵਿਗਿਆਨੀ ਡਾ. ਚਰਨਜੀਤ ਸਿੰਘ ਨੇ ਇਸ ਸਬੰਧੀ ਵਿਸਥਾਰਪੂਰਵਕ ਗੱਲ ਕਰਦਿਆਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਦੇ ਤਕਰੀਬਨ ਤੀਹ ਹਜ਼ਾਰ ਵਿਦਿਆਰਥੀਆਂ ਦੀ ਮਦਦ ਨਾਲ ਕੀਤੇ ਯਤਨਾਂ ਸਦਕਾ ਪਿਛਲੇ ਸਾਲ ਪੰਜਾਬ ਵਿਚ ਹਵਾ ਦੀ ਸ਼ੁੱਧਤਾ ਦਰ ਭਾਵ ਏ.ਕਿਊ.ਆਈ. ਵਿਚ ਵੀ ਸੁਧਾਰ ਹੋਇਆ ਹੈ, ਜੋ 2018 ਦੌਰਾਨ 170 ਦੇ ਪੱਧਰ ਤੋਂ ਵੱਧ ਨਹੀਂ ਹੋਈ। ਐਨ. ਐੱਸ.ਐੱਸ. ਕੋਆਰਡੀਨੇਟਰ ਡਾ. ਪਰਮਵੀਰ ਸਿੰਘ ਨੇ ਦੱਸਿਆ ਕਿ ਇਸ ਵਾਰ ਪੰਜਾਬੀ ਯੂਨੀਵਰਸਿਟੀ ਤੋਂ ਇਲਾਵਾ ਪੰਜਾਬ ਦੀਆਂ ਤਿੰਨ ਹੋਰ ਯੂਨੀਵਰਸਿਟੀਆਂ ਨੂੰ ਵੀ ਇਸ ਪ੍ਰਾਜੈਕਟ ਨਾਲ ਜੋੜਿਆ ਗਿਆ ਹੈ। ਇਸ ਵਾਰ ਪੰਜਾਬ ਦੇ ਪੂਰੇ ਪਿੰਡਾਂ ਤਕ ਪਹੁੰਚ ਕਰਨ ਨੂੰ ਯਕੀਨੀ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ। ਇਸ ਪ੍ਰੋਗਰਾਮ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਡਾ. ਐਮ.ਕੇ. ਨਾਰੰਗ, ਡਾ. ਕੇ.ਐਸ. ਸੂਰੀ, ਡਾ. ਐਸ.ਐਸ. ਮਿਨਹਾਸ, ਡਾ. ਗੁਰਨਾਜ਼ ਸਿੰਘ, ਡਾ. ਹਰਦੀਪ ਸਿੰਘ ਆਦਿ ਨੇ ਆਪਣੇ ਵਿਚਾਰ ਪ੍ਰਗਟਾਏ।

ਉਧਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਰਾਲੀ ਸਾੜਣ ਵਾਲੇ ਕਿਸਾਨਾਂ ਤੋਂ ਵਸੂਲੇ ਜਾਣ ਵਾਲੇ ਜੁਰਮਾਨੇ ਦੀ ਦਰ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਹੈ।

# ਮਿਡ-ਡੇਅ

**ਨਿਜੀ ਪੱਤਰ ਪ੍ਰੇਰਕ**

**ਪਟਿਆਲਾ, 10 ਸਤੰਬਰ**

ਲੰਮੇ ਸਮੇਂ ਤੋਂ ਅਪਣੀਆਂ ਕਥਿ
ਮੰਗਾਂ ਦਾ ਹੱਲ ਨਾ ਨਿਕਲਦਾ
ਮਿਡ-ਡੇ ਮੀਲ ਕੁੱਕ ਵਰਕਰਾਂ ਨੇ
ਸੰਘਰਸ਼ ਦਾ ਰਸਤਾ ਅਖਤਿਆ
ਦਾ ਐਲਾਨ ਕੀਤਾ ਤੇ ਪੰਜਾਬ
ਖਿਲਾਫ਼ ਨਾਅਰੇਬਾਜ਼ੀ ਕੀਤੀ।
ਤਹਿਤ ਮਿਡ-ਡੇਅ ਮੀਲ ਕੁੱਕ
ਯੂਨੀਅਨ ਨੇ ਸ਼ਾਹੀ ਸ਼ਹਿਰ
ਪਾਰਕ ਵਿੱਚ ਜ਼ਿਲ੍ਹਾ ਪੱਧਰੀ
ਕਰਦਿਆਂ 15 ਸਤੰਬਰ ਨੂੰ
ਮੰਤਰੀ ਵਿਜੈਇੰਦਰ ਸਿੰਗਲਾ
ਹਲਕੇ ਸੰਗਰੂਰ ਵਿੱਚ ਹੋਣ ਜਾ
ਪ੍ਰਦਰਸ਼ਨ ਵਿੱਚ ਵਰਕਰਾਂ ਨੂੰ
ਕਰਵਾਉਣ ਦਾ ਫੈਸਲਾ ਕੀਤਾ
ਪ੍ਰਦਰਸ਼ਨ ਦੌਰਾਨ ਸਿੱਖਿਆ
ਕੋਠੀ ਘੇਰਨ ਦਾ ਵੀ
ਉਲੀਕਿਆ ਗਿਆ। ਮਿਡ-ਡੇ
ਵਰਕਰ ਮੁਲਾਜ਼ਮ ਯੂਨੀਅਨ
ਆਗੂ ਪਿੰਕੀ ਰਾਣੀ ਨੇ ਕਿਹਾ